CDTFA
CALIFORNIA DEPARTMENT OF TAX AND FEE ADMINISTRATION



# ਕੈਲੀਫੋਰਨੀਆ ਵਿੱਚ ਸਿਗਰਟਾਂ ਅਤੇ ਤੰਬਾਕੂ ਉਤਪਾਦਾਂ ਦੀਆਂ ਵਿਕਰੀਆਂ

## ਪ੍ਰਚੂਨ ਵਿਕਰੇਤਾਵਾਂ ਲਈ ਲਾਇਸੰਸ ਸੰਬੰਧੀ ਲੋੜਾਂ

## ਸਿਗਰਟ ਕੀ ਹੁੰਦੀ ਹੈ?

ਸਿਗਰਟ ਨੂੰ[1] ਕਿਸੇ ਵੀ ਆਕਾਰ ਅਤੇ ਸ਼ਕਲ ਦੀ ਤੰਬਾਕੂਨੋਸ਼ੀ ਦੇ ਰੋਲ ਕੀਤੇ ਉਤਪਾਦ ਵਜੋਂ ਪਰਿਭਾਸ਼ਿਤ ਕੀਤਾ ਜਾਂਦਾ ਹੈ ਜੋ:

- ਕਿਸੇ ਵੀ ਤੰਬਾਕੂ ਤੋਂ ਬਣਿਆ ਹੈ, ਚਾਹੇ ਇਹ ਸਵਾਦਯੁਕਤ (flavoured) ਹੋਵੇ ਜਾਂ ਨਹੀਂ, ਅਤੇ
- ਜਿਸ ਦਾ ਇੱਕ ਰੈਪਰ ਹੈ ਜੋ ਕਾਗਜ਼ ਜਾਂ ਕਿਸੇ ਹੋਰ ਸਮੱਗਰੀ ਤੋਂ ਬਣਿਆ ਹੈ।

*ਅਪਵਾਦ*: ਤੰਬਾਕੂ ਵਿੱਚ ਲਪੇਟੇ ਉਤਪਾਦ ਜਾਂ ਅਜਿਹੇ ਉਤਪਾਦ ਜਿਨ੍ਹਾਂ ਦਾ ਕਵਰ ਜ਼ਿਆਦਾਤਰ ਤੰਬਾਕੂ ਤੋਂ ਬਣਿਆ ਹੋਵੇ (ਉਦਾਹਰਨ ਲਈ, ਸਿਗਾਰ) ਸਿਗਰਟਾਂ ਨਹੀਂ ਹੁੰਦੇ ਜਦ ਇਹਨਾਂ ਦੀਆਂ ਪ੍ਰਤੀ ਹਜ਼ਾਰ ਸਟਿੱਕਾਂ ਦਾ ਭਾਰ ਤਿੰਨ ਪਾਊਂਡ ਤੋਂ ਵੱਧ ਹੋਵੇ। ਇਸ ਦੀ ਬਜਾਏ, ਇਹਨਾਂ ਉਤਪਾਦਾਂ ਨੂੰ ਤੰਬਾਕੂ ਉਤਪਾਦ ਮੰਨਿਆ ਜਾਂਦਾ ਹੈ।

## ਤੰਬਾਕੂ ਉਤਪਾਦ ਕੀ ਹੁੰਦਾ ਹੈ?

"ਤੰਬਾਕੂ ਉਤਪਾਦਾਂ"[2] ਵਿੱਚ ਨਿਮਨਲਿਖਤ ਸ਼ਾਮਲ ਹਨ ਪਰ ਸੂਚੀ ਏਥੋਂ ਤੱਕ ਸੀਮਤ ਨਹੀਂ ਹੈ:

1. ਸਭ ਕਿਸਮਾਂ ਦੇ ਸਿਗਾਰ (ਜਿਨ੍ਹਾਂ ਵਿੱਚ ਛੋਟੇ ਸਿਗਾਰ ਵੀ ਸ਼ਾਮਲ ਹਨ);
2. ਤੰਬਾਕੂਨੋਸ਼ੀ ਵਾਲਾ ਜਾਂ ਪਾਈਪ ਵਾਲਾ ਤੰਬਾਕੂ (ਜਿਸ ਵਿੱਚ ਸ਼ੀਸ਼ਾ ਵੀ ਸ਼ਾਮਲ ਹੈ), ਚਬਾਉਣ ਵਾਲਾ ਤੰਬਾਕੂ ਅਤੇ ਸੁੰਘਣ ਵਾਲਾ ਤੰਬਾਕੂ;
3. ਕੋਈ ਵੀ ਉਤਪਾਦ ਜਿਸ ਵਿੱਚ ਤੰਬਾਕੂ ਹੈ, ਜੋ ਤੰਬਾਕੂ ਤੋਂ ਬਣਿਆ ਹੈ, ਜਾਂ ਮਨੁੱਖਾਂ ਦੁਆਰਾ ਖਪਤ ਦੇ ਇਰਾਦੇ ਨਾਲ ਤੰਬਾਕੂ ਦੀ ਕਿੰਨੀ ਵੀ ਮਾਤਰਾ ਤੋਂ ਉਤਪਤ ਕੀਤਾ ਗਿਆ ਹੈ;
4. ਕੋਈ ਵੀ ਉਤਪਾਦ ਜਿਸ ਵਿੱਚ ਤੰਬਾਕੂ ਹੈ, ਜੋ ਤੰਬਾਕੂ ਤੋਂ ਬਣਿਆ ਹੈ, ਜਾਂ ਮਨੁੱਖਾਂ ਦੁਆਰਾ ਖਪਤ ਦੇ ਇਰਾਦੇ ਨਾਲ ਨਿਕੋਟੀਨ ਦੀ ਕਿੰਨੀ ਵੀ ਮਾਤਰਾ ਤੋਂ ਉਤਪਤ ਕੀਤਾ ਗਿਆ ਹੈ ਅਤੇ ਕਿਸੇ ਡੀਲਿਵਰੀ ਡੀਵਾਈਸ ਜਾਂ ਸਿਸਟਮ ਦੇ ਨਾਲ ਜਾਂ ਇਸ ਤੋਂ ਬਗੈਰ ਵੇਚਿਆ ਗਿਆ ਹੈ (ਉਦਾਹਰਨ ਲਈ, ਨਿਕੋਟੀਨ ਦੇ ਨਾਲ eLiquid);
5. ਇਲੈਕਟ੍ਰਾਨਿਕ ਸਿਗਰਟਾਂ ਜਾਂ ਕੋਈ ਵੀ ਡੀਵਾਈਸ ਜਾਂ ਡੀਲਿਵਰੀ ਸਿਸਟਮ ਜਿਸ ਨੂੰ ਨਿਕੋਟੀਨ ਦੇ ਨਾਲ ਸੁਮੇਲ ਵਿੱਚ ਇੱਕੋ ਕੀਮਤ 'ਤੇ ਵੇਚਿਆ ਜਾਂਦਾ ਹੈ; ਅਤੇ
6. ਕਿਸੇ ਇਲੈਕਟ੍ਰਾਨਿਕ ਸਿਗਰਟ ਦਾ ਕੋਈ ਪੁਰਜ਼ਾ, ਭਾਗ, ਜਾਂ ਉਪਸਾਧਨ (accessory) ਜਿਸਨੂੰ ਡੀਵਾਈਸ ਦੇ ਆਪਰੇਸ਼ਨ ਦੌਰਾਨ ਵਰਤਿਆ ਜਾਂਦਾ ਹੈ ਅਤੇ ਜਦ ਇਸ ਨੂੰ ਨਿਕੋਟੀਨ ਦੇ ਨਾਲ ਸੁਮੇਲ ਵਿੱਚ ਵੇਚਿਆ ਜਾਂਦਾ ਹੈ (ਉਦਾਹਰਨ ਲਈ, ਡੀਵਾਈਸ ਦੇ ਆਪਰੇਸ਼ਨ ਦੌਰਾਨ ਵਰਤੀ ਜਾਂਦੀ ਬੈਟਰੀ ਜੋ ਨਿਕੋਟੀਨ ਦੇ ਸੁਮੇਲ ਨਾਲ ਇੱਕੋ ਕੀਮਤ 'ਤੇ ਵੇਚੀ ਜਾਂਦੀ ਹੈ)।

ਇਹ ਆਈਟਮਾਂ ਪ੍ਰਾਂਤ ਵਿੱਚ ਪਹਿਲੀ ਵਾਰ ਆਵੰਡਨ ਕੀਤੇ ਜਾਣ 'ਤੇ "ਸਿਗਰਟ ਅਤੇ ਤੰਬਾਕੂ ਉਤਪਾਦ ਟੈਕਸ ਕਨੂੰਨ" ਦੁਆਰਾ ਲਾਏ ਜਾਂਦੇ [3] ਤੰਬਾਕੂ ਉਤਪਾਦ ਟੈਕਸ ਤਹਿਤ ਆਉਂਦੀਆਂ ਹਨ।

ਸਿਗਰਟ ਅਤੇ ਤੰਬਾਕੂ ਉਤਪਾਦ ਟੈਕਸਾਂ ਬਾਰੇ ਹੋਰ ਜਾਣਕਾਰੀ ਵਾਸਤੇ ਕਿਰਪਾ ਕਰਕੇ ਦੇਖੋ ਪ੍ਰਕਾਸ਼ਨਾ 93, *ਸਿਗਰਟ ਅਤੇ ਤੰਬਾਕੂ ਉਤਪਾਦ ਟੈਕਸ*, ਜੋ *www.cdtfa.ca.gov* 'ਤੇ ਉਪਲਬਧ ਹੈ।

ਤੰਬਾਕੂ ਉਤਪਾਦਾਂ ਵਿੱਚ ਸਿਗਰਟਾਂ ਜਾਂ ਕੋਈ ਅਜਿਹਾ ਉਤਪਾਦ ਸ਼ਾਮਲ ਨਹੀਂ ਹੁੰਦਾ ਜਿਸ ਨੂੰ ਯੂ.ਐੱਸ. ਫੂਡ ਐਂਡ ਡਰੱਗ ਐਡਮਿਨਿਸਟ੍ਰੇਸ਼ਨ ਨੇ ਨਸ਼ਾ-ਛੁਡਾਊ ਉਤਪਾਦਾਂ ਜਾਂ ਕਿਸੇ ਹੋਰ ਚਿਕਿਤਸਾਕਾਰੀ ਮਕਸਦਾਂ ਵਾਸਤੇ ਮਨਜ਼ੂਰ ਕੀਤਾ ਹੋਵੇ (ਉਦਾਹਰਨ ਲਈ, ਨਿਕੋਟੀਨ ਦੇ ਪੈਚ)।

■■■

[1] ਰੈਵੇਨਿਊ ਐਂਡ ਟੈਕਸੇਸ਼ਨ ਕੋਡ ਸੈਕਸ਼ਨ 30003.

[2] ਰੈਵੇਨਿਊ ਐਂਡ ਟੈਕਸੇਸ਼ਨ ਕੋਡ ਸੈਕਸ਼ਨ 30121 ਅਤੇ30131.1.

[3] ਰੈਵੇਨਿਊ ਐਂਡ ਟੈਕਸੇਸ਼ਨ ਕੋਡ ਦੀ ਡਿਵੀਜ਼ਨ 2 ਦਾ ਭਾਗ 13 (ਸੈਕਸ਼ਨ 30001 ਤੋਂ ਸ਼ੁਰੂ ਕਰਦੇ ਹੋਏ)

## ਪ੍ਰਚੂਨ ਵਿਕਰੀ ਲਈ ਲਾਇਸੰਸ ਦੇ ਮਕਸਦਾਂ ਵਾਸਤੇ ਕਿਸੇ ਤੰਬਾਕੂ ਉਤਪਾਦ ਦੀ ਵਿਸਤਰਿਤ ਪਰਿਭਾਸ਼ਾ ਕੀ ਹੈ?

9 ਜੂਨ, 2016 ਨੂੰ, ਕੈਲੀਫੋਰਨੀਆ ਪ੍ਰਾਂਤ ਦੇ ਕਨੂੰਨ ਨੇ ਸਿਗਰਟਾਂ ਅਤੇ ਤੰਬਾਕੂ ਉਤਪਾਦਾਂ ਦੀ ਪ੍ਰਚੂਨ ਵਿਕਰੀ ਲਈ ਲਾਇਸੰਸ ਦੇ ਮਕਸਦਾਂ ਵਾਸਤੇ ਤੰਬਾਕੂ ਉਤਪਾਦ,[4] ਦੀ ਪਰਿਭਾਸ਼ਾ ਦਾ ਵਿਸਤਾਰ ਕਰ ਦਿੱਤਾ ਤਾਂ ਜੋ ਹੇਠ ਲਿਖਿਆਂ ਨੂੰ ਵੀ ਸ਼ਾਮਲ ਕੀਤਾ ਜਾ ਸਕੇ:

1. ਕੋਈ ਵੀ ਉਤਪਾਦ ਜਿਸ ਵਿੱਚ ਨਿਕੋਟੀਨ ਹੈ, ਜੋ ਨਿਕੋਟੀਨ ਤੋਂ ਬਣਿਆ ਹੈ, ਜਾਂ ਮਨੁੱਖਾਂ ਦੁਆਰਾ ਖਪਤ ਦੇ ਇਰਾਦੇ ਨਾਲ ਨਿਕੋਟੀਨ ਤੋਂ ਉਤਪਤ ਕੀਤਾ ਗਿਆ ਹੈ;
2. ਕੋਈ ਵੀ ਇਲੈਕਟ੍ਰਾਨਿਕ ਤੰਬਾਕੂਨੋਸ਼ੀ ਜਾਂ ਕਸ਼ ਲੈਣ ਵਾਲੀ (vaping) ਡੀਵਾਈਸ ਜੋ ਨਿਕੋਟੀਨ ਜਾਂ ਹੋਰ ਵਾਸ਼ਪਯੁਕਤ ਤਰਲ-ਪਦਾਰਥ ਦਿੰਦੀ ਹੈ; ਅਤੇ
3. ਕਿਸੇ ਵੀ ਤੰਬਾਕੂ ਉਤਪਾਦ ਦਾ ਕੋਈ ਵੀ ਪੁਰਜ਼ਾ, ਹਿੱਸਾ, ਜਾਂ ਉਪਸਾਧਨ, ਚਾਹੇ ਇਸ ਨੂੰ ਵੱਖਰੇ ਤੌਰ 'ਤੇ ਵੇਚਿਆ ਜਾਂਦਾ ਹੈ ਜਾਂ ਨਹੀਂ।

ਉਦਾਹਰਨਾਂ ਵਿੱਚ ਸ਼ਾਮਲ ਹਨ ਇਲੈਕਟ੍ਰਾਨਿਕ ਸਿਗਰਟਾਂ, ਐਟੋਮਾਈਜ਼ਰ, ਵਾਸ਼ਪਯੁਕਤ ਟੈਂਕ (vaping tanks) ਜਾਂ ਮੌਡਜ਼, ਅਤੇ eLiquid ਜਾਂ eJuice, ਪਰ ਸੂਚੀ ਏਥੋਂ ਤੱਕ ਸੀਮਤ ਨਹੀਂ ਹੈ।

## ਕਿਸ ਨੂੰ ਲਾਇਸੰਸ ਲੈਣ ਦੀ ਲੋੜ ਹੁੰਦੀ ਹੈ?

ਕੈਲੀਫੋਰਨੀਆ ਦੇ ਲਾਇਸੰਸਸ਼ੁਦਾ ਡਿਸਟ੍ਰੀਬਿਊਟਰਾਂ ਜਾਂ ਥੋਕ-ਵਿਕਰੇਤਾਵਾਂ ਕੋਲੋਂ ਟੈਕਸ ਅਦਾ ਕੀਤੇ ਉਤਪਾਦ ਖਰੀਦਣ ਤੋਂ ਪਹਿਲਾਂ ਅਤੇ ਸਿਗਰਟਾਂ ਜਾਂ ਹੋਰ ਤੰਬਾਕੂ ਉਤਪਾਦਾਂ ਦੀ ਖਪਤਕਾਰਾਂ ਨੂੰ ਪ੍ਰਚੂਨ ਵਿਕਰੀ ਕਰਨ ਤੋਂ ਪਹਿਲਾਂ, ਕੈਲੀਫੋਰਨੀਆ ਵਿੱਚ ਸਿਗਰਟਾਂ ਅਤੇ ਤੰਬਾਕੂ ਉਤਪਾਦਾਂ ਦੇ ਪ੍ਰਚੂਨ ਵਿਕਰੇਤਾਵਾਂ ਕੋਲ ਇੱਕ ਵੈਧ 'ਕੈਲੀਫੋਰਨੀਆ ਸਿਗਰਟ ਅਤੇ ਤੰਬਾਕੂ ਉਤਪਾਦਾਂ ਦੇ ਪ੍ਰਚੂਨ ਵਿਕਰੇਤਾ ਦਾ ਲਾਇਸੰਸ' (California Cigarette and Tobacco Products Retailer's License) ਹੋਣਾ ਲਾਜ਼ਮੀ ਹੈ (ਸਿਗਰਟ ਅਤੇ ਤੰਬਾਕੂ ਉਤਪਾਦਾਂ ਲਈ ਲਾਇਸੰਸ ਲੈਣ ਸੰਬੰਧੀ ਕਨੂੰਨ 2003)।[5]

1 ਜਨਵਰੀ, 2017 ਤੋਂ ਲਾਗੂ ਕਰਕੇ, ਕਿਸੇ ਵੀ ਅਜਿਹੇ ਉਤਪਾਦਾਂ ਦੇ ਪ੍ਰਚੂਨ ਵਿਕਰੇਤਾ ਜੋ ਤੰਬਾਕੂ ਉਤਪਾਦਾਂ ਦੀ ਵਿਸਤਰਿਤ ਪਰਿਭਾਸ਼ਾ ਦੇ ਤਹਿਤ ਆਉਂਦੇ ਹਨ, ਉਹਨਾਂ ਕੋਲੋਂ ਲੋੜਿਆ ਜਾਂਦਾ ਹੈ ਕਿ ਉਹ 'ਕੈਲੀਫੋਰਨੀਆ ਸਿਗਰਟ ਅਤੇ ਤੰਬਾਕੂ ਉਤਪਾਦਾਂ ਦੇ ਪ੍ਰਚੂਨ ਵਿਕਰੇਤਾ ਦਾ ਲਾਇਸੰਸ' ਹਾਸਲ ਕਰਨ। ਇਸ ਤੋਂ ਇਲਾਵਾ, ਇਹਨਾਂ ਉਤਪਾਦਾਂ ਦੇ ਪ੍ਰਚੂਨ ਵਿਕਰੇਤਾਵਾਂ ਵਾਸਤੇ ਇਹ ਲਾਜ਼ਮੀ ਹੈ ਕਿ ਉਹ ਆਪਣੇ ਪ੍ਰਚੂਨ ਟਿਕਾਣੇ(ਟਿਕਾਣਿਆਂ) ਉੱਤੇ ਲਾਇਸੰਸ ਨੂੰ ਪ੍ਰਤੱਖ ਤੌਰ 'ਤੇ ਇਸ ਤਰ੍ਹਾਂ ਨਾਲ ਪ੍ਰਦਰਸ਼ਿਤ ਕਰਨ ਕਿ ਇਹ ਜਨਤਾ ਲਈ ਦਿਖਣਯੋਗ ਹੋਵੇ।

ਹਰ ਟਿਕਾਣੇ ਜਾਂ ਵੈਂਡਿੰਗ ਮਸ਼ੀਨ ਵਾਸਤੇ ਇੱਕ ਵੱਖਰੇ ਲਾਇਸੰਸ ਦੀ ਲੋੜ ਹੁੰਦੀ ਹੈ ਜਿੱਥੋਂ ਸਿਗਰਟਾਂ ਜਾਂ ਤੰਬਾਕੂ ਉਤਪਾਦਾਂ ਦੀਆਂ ਪ੍ਰਚੂਨ ਵਿਕਰੀਆਂ ਕੀਤੀਆਂ ਜਾਂਦੀਆਂ ਹਨ। ਤੁਹਾਡੇ ਵੱਲੋਂ ਸ਼ਾਮਲ ਕੀਤੇ ਜਾਂਦੇ ਕਿਸੇ ਵੀ ਨਵੇਂ ਟਿਕਾਣੇ ਵਾਸਤੇ, ਜਿਸ ਲਈ ਲਾਇਸੰਸ ਦੀ ਲੋੜ ਪੈਂਦੀ ਹੈ, ਤੁਹਾਡੇ ਲਈ ਇੱਕ ਵੱਖਰਾ ਲਾਇਸੰਸ ਲੈਣਾ ਲਾਜ਼ਮੀ ਹੈ।

ਪ੍ਰਤੀ ਟਿਕਾਣਾ ਇੱਕ ਸ਼ੁਰੂਆਤੀ ਲਾਇਸੰਸ ਅਰਜ਼ੀ ਫੀਸ ਦੀ ਲੋੜ ਪੈਂਦੀ ਹੈ। 1 ਜਨਵਰੀ, 2017 ਤੋਂ ਸ਼ੁਰੂ ਕਰਕੇ, ਇੱਕ ਸਾਲਾਨਾ ਲਾਇਸੰਸ ਨਵਿਆਉਣ ਫੀਸ ਵੀ ਲਾਗੂ ਹੁੰਦੀ ਹੈ। ਫੀਸ ਦੇ ਰੇਟਾਂ ਵਾਸਤੇ, ਕਿਰਪਾ ਕਰਕੇ *www.cdtfa.ca.gov* 'ਤੇ ਕੈਲੀਫੋਰਨੀਆ ਡਿਪਾਰਟਮੈਂਟ ਆਫ ਟੈਕਸ ਐਂਡ ਫੀ ਐਡਿਮਿਨਿਸਟ੍ਰੇਸ਼ਨ ਦੀ ਵੈੱਬਸਾਈਟ ਦੇਖੋ।

*ਧਿਆਨ ਦਿਓ*: ਇਸ ਤੋਂ ਪਹਿਲਾਂ ਕਿ ਤੁਸੀਂ ਟੈਕਸ ਨਾ ਲੱਗੀਆਂ ਸਿਗਰਟਾਂ ਜਾਂ ਤੰਬਾਕੂ ਉਤਪਾਦਾਂ ਨੂੰ ਕਿਸੇ ਪ੍ਰਾਂਤ-ਤੋਂ-ਬਾਹਰੀ ਵਿਕਰੇਤਾ ਤੋਂ ਖਰੀਦੋ ਜਿਸ ਕੋਲ 2003 ਦੇ 'ਸਿਗਰਟ ਅਤੇ ਤੰਬਾਕੂ ਉਤਪਾਦਾਂ ਲਈ ਲਾਇਸੰਸ ਲੈਣ ਸੰਬੰਧੀ ਕਨੂੰਨ' ਤਹਿਤ ਕੋਈ ਲਾਇਸੰਸ ਨਹੀਂ ਹੈ, ਤੁਹਾਡੇ ਵਾਸਤੇ ਇੱਕ ਡਿਸਟ੍ਰੀਬਿਊਟਰ ਦਾ ਲਾਇਸੰਸ ਹਾਸਲ ਕਰਨਾ ਲਾਜ਼ਮੀ ਹੈ। ਜੇ ਤੁਸੀਂ ਹੋਰ ਪ੍ਰਚੂਨ-ਵਿਕਰੇਤਾਵਾਂ ਨੂੰ ਪੁਨਰ-ਵਿਕਰੀ (resale) ਕਰਨ ਲਈ ਟੈਕਸ ਅਦਾ ਕੀਤੀਆਂ ਸਿਗਰਟਾਂ ਜਾਂ ਤੰਬਾਕੂ ਉਤਪਾਦ ਖਰੀਦਦੇ ਹੋ ਤਾਂ ਥੋਕ-ਵਿਕਰੇਤਾ ਦੇ ਲਾਇਸੰਸ ਦੀ ਲੋੜ ਪੈਂਦੀ ਹੈ। ਕਿਸੇ ਵੀ ਅਜਿਹੇ ਉਤਪਾਦਾਂ ਨੂੰ ਅੱਗੇ ਵੇਚਣ (distributing) ਜਾਂ ਥੋਕ-ਮੁੱਲ 'ਤੇ ਵੇਚਣ (wholesaling) ਲਈ, ਜੋ ਕਿਸੇ ਤੰਬਾਕੂ ਉਤਪਾਦ ਦੀ ਵਿਸਤਰਿਤ ਪਰਿਭਾਸ਼ਾ ਤਹਿਤ ਆਉਂਦੇ ਹਨ ਜਦ ਉਤਪਾਦ ਨੂੰ ਨਿਕੋਟੀਨ ਦੇ ਨਾਲ ਸੁਮੇਲ ਕਰਕੇ ਅੱਗੇ ਵੇਚਿਆ ਜਾਂਦਾ ਹੈ, ਡਿਸਟ੍ਰੀਬਿਊਟਰ ਜਾਂ ਥੋਕ-ਵਿਕਰੇਤਾ ਦੇ ਲਾਇਸੰਸ ਦੀ ਲੋੜ ਪੈਂਦੀ ਹੈ। ਡਿਸਟ੍ਰੀਬਿਊਟਰ ਜਾਂ ਥੋਕ-ਵਿਕਰੇਤਾ ਦੇ ਲਾਇਸੰਸ ਵਾਸਤੇ ਵਰਤਮਾਨ ਫੀਸਾਂ ਦੇ ਰੇਟ *www.cdtfa.ca.gov.* 'ਤੇ ਦੇਖੇ ਜਾ ਸਕਦੇ ਹਨ।

■■■

[4] ਬਿਜ਼ਨਸ ਐਂਡ ਪ੍ਰੋਫੈਸ਼ਨਜ਼ ਕੋਡ ਸੈਕਸ਼ਨ 22950.5(d).

[5] **ਬਿਜ਼ਨਸ ਐਂਡ ਪ੍ਰੋਫੈਸ਼ਨਜ਼ ਕੋਡ ਦੀ** ਡਿਵੀਜ਼ਨ 8.6(ਸੈਕਸ਼ਨ 22970 ਤੋਂ ਸ਼ੁਰੂ ਕਰਦੇ ਹੋਏ)

## ਕੀ ਕੋਈ ਤੁਰ-ਫਿਰ ਕੇ ਵੇਚਣ ਵਾਲਾ ਵਿਕਰੇਤਾ (mobile seller) ਸਿਗਰਟਾਂ ਅਤੇ ਹੋਰ ਤੰਬਾਕੂ ਉਤਪਾਦਾਂ ਵਾਸਤੇ ਪ੍ਰਚੂਨ ਵਿਕਰੇਤਾ ਦਾ ਲਾਇਸੰਸ ਲੈ ਸਕਦਾ ਹੈ?

ਨਹੀਂ। "ਚੱਲਣਸ਼ੀਲ ਟਿਕਾਣਾ" ਪ੍ਰਚੂਨ ਵਿਕਰੀ ਦੇ ਟਿਕਾਣੇ ਵਾਸਤੇ ਵਿਧਾਨਕ ਪਰਿਭਾਸ਼ਾ ਦੀ ਪੂਰਤੀ ਨਹੀਂ ਕਰਦਾ। ਜੇ ਤੁਸੀਂ ਕਿਸੇ ਕੇਟਰਿੰਗ ਟਰੱਕ, ਲੰਚ ਵੈਗਨ, ਜਾਂ ਹੋਰ ਚੱਲਣਸ਼ੀਲ ਸਾਧਨ ਤੋਂ ਆਪਣਾ ਕਾਰੋਬਾਰ ਚਲਾਉਂਦੇ ਹੋ, ਤਾਂ ਤੁਸੀਂ 'ਕੈਲੀਫੋਰਨੀਆ ਸਿਗਰਟ ਅਤੇ ਤੰਬਾਕੂ ਉਤਪਾਦਾਂ ਦੇ ਪ੍ਰਚੂਨ ਵਿਕਰੇਤਾ ਦਾ ਲਾਇਸੰਸ' ਵਾਸਤੇ ਯੋਗਤਾ ਪੂਰੀ ਨਹੀਂ ਕਰਦੇ ਅਤੇ, ਇਸ ਲਈ, ਤੁਸੀਂ ਕੈਲੀਫੋਰਨੀਆ ਵਿੱਚ ਆਪਣੇ ਟਰੱਕ, ਵੈਗਨ, ਜਾਂ ਹੋਰ ਚੱਲਣਸ਼ੀਲ ਸਾਧਨ ਤੋਂ ਸਿਗਰਟਾਂ ਜਾਂ ਤੰਬਾਕੂ ਉਤਪਾਦ ਨਹੀਂ ਵੇਚ ਸਕਦੇ। ਇਸ ਵਿਸ਼ੇ ਬਾਰੇ ਹੋਰ ਜਾਣਕਾਰੀ ਵਾਸਤੇ, ਕਿਰਪਾ ਕਰਕੇ *www.cdtfa.ca.gov* 'ਤੇ ਜਾਓ।

## ਮੇਰੇ ਲਾਇਸੰਸ ਦੀ ਮਿਆਦ ਕਦੋਂ ਸਮਾਪਤ ਹੁੰਦੀ ਹੈ?

ਪ੍ਰਚੂਨ ਵਿਕਰੇਤਾ ਦਾ ਲਾਇਸੰਸ ਜਾਰੀ ਕੀਤੇ ਜਾਣ ਦੀ ਤਾਰੀਖ਼ ਤੋਂ ਲੈਕੇ 12-ਮਹੀਨੇ ਦੀ ਮਿਆਦ ਲਈ ਵੈਧ ਹੁੰਦਾ ਹੈ, ਇਹ ਤਬਾਦਲਾਯੋਗ ਨਹੀਂ ਹੈ, ਇਸ ਨੂੰ ਪ੍ਰੋ-ਰੇਟ ਨਹੀਂ ਕੀਤਾ ਜਾ ਸਕਦਾ, ਅਤੇ ਇਸ ਨੂੰ ਸਾਲਾਨਾ ਆਧਾਰ 'ਤੇ ਨਵਿਆਇਆ ਜਾਣਾ ਲਾਜ਼ਮੀ ਹੈ। ਜੇ ਤੁਸੀਂ ਕੋਈ ਹੋਰ ਪ੍ਰਚੂਨ ਵਿਕਰੀ ਟਿਕਾਣਾ ਸ਼ਾਮਲ ਕਰਦੇ ਹੋ, ਤਾਂ ਤੁਹਾਡਾ ਲਾਇਸੰਸ ਉਸ ਟਿਕਾਣੇ ਵਾਸਤੇ ਨਵਿਆਇਆ ਜਾਵੇਗਾ ਜੋ 12-ਮਹੀਨੇ ਦੀ ਉਸ ਮਿਆਦ 'ਤੇ ਆਧਾਰਿਤ ਹੋਵੇਗਾ ਜਿਸਦੀ ਸ਼ੁਰੂਆਤ ਉਸ ਮਹੀਨੇ ਤੋਂ ਹੁੰਦੀ ਹੈ ਜਦ ਪਹਿਲੇ ਪ੍ਰਚੂਨ ਵਿਕਰੀ ਟਿਕਾਣੇ ਵਾਸਤੇ ਪ੍ਰਚੂਨ-ਵਿਕਰੇਤਾ ਦਾ ਲਾਇਸੰਸ ਹਾਸਲ ਕੀਤਾ ਗਿਆ ਸੀ। ਤੁਹਾਡੇ ਲਾਇਸੰਸ(ਸਾਂ) ਦੀ ਮਿਆਦ ਪੁੱਗਣ ਤੋਂ ਪਹਿਲਾਂ CDTFA ਤੁਹਾਨੂੰ ਇੱਕ ਈਮੇਲ ਅਤੇ ਪੱਤਰ ਰਾਹੀਂ ਨਵਿਆਉਣ ਬਾਬਤ ਰੀਮਾਈਂਡਰ ਨੋਟਿਸ ਭੇਜੇਗੀ। ਆਪਣੇ ਸਿਗਰਟ ਅਤੇ ਤੰਬਾਕੂ ਉਤਪਾਦਾਂ ਲਈ ਪ੍ਰਚੂਨ-ਵਿਕਰੇਤਾ ਦੇ ਲਾਇਸੰਸ ਨੂੰ ਬਰਕਰਾਰ ਰੱਖਣ ਵਾਸਤੇ ਤੁਹਾਡੇ ਲਈ ਨਵਿਆਉਣ ਬਾਬਤ ਅਰਜ਼ੀ ਨੂੰ ਔਨਲਾਈਨ ਭਰਨਾ ਅਤੇ CDTFA ਨੂੰ ਸਪੁਰਦ ਕਰਨਾ ਲਾਜ਼ਮੀ ਹੈ। 1 ਜਨਵਰੀ, 2017 ਤੋਂ ਲਾਗੂ ਕਰਕੇ, ਨਵਿਆਉਣ ਫੀਸ ਦਾ ਭੁਗਤਾਨ ਤੁਹਾਡੀ ਨਵਿਆਉਣ ਦੀ ਅਰਜ਼ੀ ਦੇਣ ਮੌਕੇ ਨਾਲੋ-ਨਾਲ ਕਰਨ ਦੀ ਲੋੜ ਹੁੰਦੀ ਹੈ। ਜੇ ਤੁਸੀਂ ਆਪਣੇ ਲਾਇਸੰਸ ਨੂੰ ਨਵਿਆਉਣ ਅਤੇ ਨਵਿਆਉਣ ਦੀ ਫੀਸ ਸਮੇਂ ਸਿਰ ਅਦਾ ਕਰਨ ਵਿੱਚ ਫੇਲ੍ਹ ਹੋ ਜਾਂਦੇ ਹੋ, ਤਾਂ ਤੁਹਾਡਾ ਲਾਇਸੰਸ ਖਤਮ ਹੋ ਜਾਵੇਗਾ। ਕਿਰਪਾ ਕਰਕੇ ਯਾਦ ਰੱਖੋ, ਵੈਧ 'ਸਿਗਰਟ ਅਤੇ ਤੰਬਾਕੂ ਉਤਪਾਦਾਂ ਲਈ ਪ੍ਰਚੂਨ-ਵਿਕਰੇਤਾ ਦੇ ਲਾਇਸੰਸ' ਤੋਂ ਬਿਨਾਂ ਤੁਸੀਂ ਸਿਗਰਟਾਂ ਅਤੇ/ਜਾਂ ਤੰਬਾਕੂ ਉਤਪਾਦਾਂ ਨੂੰ ਨਹੀਂ ਵੇਚ ਸਕਦੇ।

## ਮੈਂ ਆਪਣੇ ਲਾਇਸੰਸ ਵਾਸਤੇ ਅਰਜ਼ੀ ਕਿਵੇਂ ਦੇਵਾਂ ਅਤੇ ਇਸ ਨੂੰ ਕਿਵੇਂ ਨਵਿਆਵਾਂ?

ਤੁਸੀਂ *www.cdtfa.ca.gov* 'ਤੇ CDTFA ਦੀਆਂ ਔਨਲਾਈਨ ਸੇਵਾਵਾਂ ਦੀ ਵਰਤੋਂ ਕਰਦੇ ਹੋਏ ਅਰਜ਼ੀ ਦੇ ਸਕਦੇ ਹੋ ਅਤੇ ਆਪਣਾ ਲਾਇਸੰਸ ਨਵਿਆ ਵੀ ਸਕਦੇ ਹੋ। ਜੇ ਤੁਹਾਡੇ ਕੋਲ ਕੰਪਿਊਟਰ ਨਹੀਂ ਹੈ, ਤਾਂ ਔਨਲਾਈਨ ਸੇਵਾਵਾਂ CDTFA ਦੇ ਦਫਤਰਾਂ ਵਿੱਚ ਉਪਲਬਧ ਹਨ। ਕਿਰਪਾ ਕਰਕੇ ਗਾਹਕ ਸੇਵਾਵਾਂ ਕੇਂਦਰ ਨੂੰ 1-800-400-7115 (TTY: 711) 'ਤੇ ਸੋਮਵਾਰ ਤੋਂ ਸ਼ੁੱਕਰਵਾਰ ਸਵੇਰੇ 8:00 ਵਜੇ ਤੋਂ ਸ਼ਾਮ 5:00 ਵਜੇ (ਪੈਸੀਫਿਕ ਸਮਾਂ) ਤੱਕ ਸੰਪਰਕ ਕਰੋ, ਸਿਵਾਏ ਸਰਕਾਰੀ ਛੁੱਟੀਆਂ ਦੇ, ਜੇ ਤੁਹਾਡੇ ਕੋਈ ਸਵਾਲ ਹਨ ਜਾਂ ਤੁਸੀਂ ਇਸ ਬਾਰੇ ਵਧੇਰੇ ਜਾਣਕਾਰੀ ਚਾਹੁੰਦੇ ਹੋ ਕਿ ਲਾਇਸੰਸ ਵਾਸਤੇ ਔਨਲਾਈਨ ਅਰਜ਼ੀ ਕਿਵੇਂ ਦੇਣੀ ਹੈ ਜਾਂ ਇਸ ਨੂੰ ਕਿਵੇਂ ਨਵਿਆਉਣਾ ਹੈ।

## ਮੈਂ ਆਪਣੀ ਲਾਇਸੰਸ ਦੀ ਫੀਸ ਅਤੇ/ਜਾਂ ਨਵਿਆਉਣ ਦੀ ਫੀਸ ਦਾ ਭੁਗਤਾਨ ਕਿਵੇਂ ਕਰਾਂ?

ਤੁਸੀਂ ਆਪਣਾ ਭੁਗਤਾਨ ਔਨਲਾਈਨ ਸਿੱਧੇ ਤੌਰ 'ਤੇ ਆਪਣੇ ਬੈਂਕ ਖਾਤੇ ਤੋਂ, ਜਾਂ ਕ੍ਰੈਡਿਟ ਕਾਰਡ, ਕਾਗਜ਼ੀ ਚੈੱਕ, ਜਾਂ ਮਨੀ ਆਰਡਰ ਦੁਆਰਾ ਕਰ ਸਕਦੇ ਹੋ।

ਵਧੇਰੇ ਜਾਣਕਾਰੀ ਵਾਸਤੇ, CDTFA ਦੀ ਵੈੱਬਸਾਈਟ ਦੇਖੋ: *www.cdtfa.ca.gov*.

## ਮੇਰੇ ਕੋਲ ਵਿਕਰੇਤਾ ਦਾ ਪਰਮਿਟ ਹੈ। ਕੀ ਮੈਨੂੰ ਅਜੇ ਵੀ ਇਸ ਪ੍ਰਚੂਨ-ਵਿਕਰੇਤਾ ਲਾਇਸੰਸ ਨੂੰ ਲੈਣ ਦੀ ਲੋੜ ਹੈ?

ਹਾਂ। ਸਿਗਰਟ ਅਤੇ ਤੰਬਾਕੂ ਉਤਪਾਦਾਂ ਵਾਸਤੇ ਲਾਇਸੰਸ ਲੈਣ ਦੀ ਲੋੜ CDTFA ਵੱਲੋਂ ਜਾਰੀ ਕੀਤੇ ਹੋਰ ਪਰਮਿਟਾਂ ਅਤੇ ਲਾਇਸੰਸਾਂ ਨੂੰ ਲੈਣ ਤੋਂ ਇਲਾਵਾ ਹੈ। ਸਿਗਰਟ ਅਤੇ ਤੰਬਾਕੂ ਉਤਪਾਦਾਂ ਲਈ ਪ੍ਰਚੂਨ-ਵਿਕਰੇਤਾ ਦਾ ਲਾਇਸੰਸ ਜਾਰੀ ਕੀਤੇ ਜਾਣ ਅਤੇ ਇਸ ਨੂੰ ਹਰ ਸਾਲ ਨਵਿਆਉਣ ਵਾਸਤੇ ਤੁਹਾਡੇ ਲਈ ਕੈਲੀਫੋਰਨੀਆ ਵਿਕਰੇਤਾ ਦੇ ਪਰਮਿਟ ਲਈ ਅਰਜ਼ੀ ਦੇਣਾ ਅਤੇ ਇਸ ਨੂੰ ਬਰਕਰਾਰ ਰੱਖਣਾ ਲਾਜ਼ਮੀ ਹੈ।

ਪ੍ਰਾਂਤਕੀ ਲਾਇਸੰਸ ਨੂੰ 2003 ਦੇ ਸਿਗਰਟ ਅਤੇ ਤੰਬਾਕੂ ਉਤਪਾਦਾਂ ਦਾ ਲਾਇਸੰਸ ਲੈਣ ਸੰਬੰਧੀ ਕਨੂੰਨ ਦੁਆਰਾ ਲੋੜਿਆ ਜਾਂਦਾ ਹੈ। ਇਹ ਕਨੂੰਨ ਕਿਸੇ ਵੀ ਸਥਾਨਕੀ ਸਿਗਰਟ ਅਤੇ ਤੰਬਾਕੂ ਉਤਪਾਦਾਂ ਲਈ ਪ੍ਰਚੂਨ ਲਾਇਸੰਸ ਦੀ ਥਾਂ ਨਹੀਂ ਲੈਂਦਾ ਜਿਨ੍ਹਾਂ ਨੂੰ ਹਾਸਲ ਕਰਨਾ ਵੀ ਤੁਹਾਡੇ ਕੋਲੋਂ ਲੋੜਿਆ ਜਾ ਸਕਦਾ ਹੈ। ਇਸ ਤੋਂ ਇਲਾਵਾ, ਕੁਝ ਸਥਾਨਕੀ ਅਧਿਕਾਰ-ਖੇਤਰਾਂ ਦੀਆਂ ਅਜਿਹੀਆਂ ਨੀਤੀਆਂ ਹਨ ਜੋ ਕਿਸੇ ਭੂਗੋਲਿਕ ਖੇਤਰ ਦੇ ਅੰਦਰ ਤੰਬਾਕੂ ਦੇ ਪ੍ਰਚੂਨ-ਵਿਕਰੇਤਾਵਾਂ ਦੀ ਸੰਖਿਆ ਨੂੰ ਸੀਮਾਬੱਧ ਕਰਦੀਆਂ ਹਨ ਜਾਂ ਇਹਨਾਂ ਦੀ ਘਣਤਾ ਨੂੰ ਸੀਮਤ ਕਰਦੀਆਂ ਹਨ। ਪ੍ਰਚੂਨ-ਵਿਕਰੇਤਾਵਾਂ ਨੂੰ ਸਲਾਹ ਦਿੱਤੀ ਜਾਂਦੀ ਹੈ ਕਿ ਸਿਗਰਟ ਅਤੇ ਤੰਬਾਕੂ ਉਤਪਾਦਾਂ ਲਈ ਲਾਇਸੰਸ ਵਾਸਤੇ ਜਾਂ ਲਾਇਸੰਸ ਨਵਿਆਉਣ ਵਾਸਤੇ ਅਰਜ਼ੀ ਭਰਨ ਅਤੇ ਸਪੁਰਦ ਕਰਨ ਤੋਂ ਪਹਿਲਾਂ, ਉਹ ਆਪਣੇ ਸਥਾਨਕ ਸਿਹਤ ਵਿਭਾਗ ਕੋਲੋਂ ਕਿਸੇ ਵੀ ਸਥਾਨਕ, ਤੰਬਾਕੂ ਦੇ ਲਾਇਸੰਸ ਸੰਬੰਧੀ ਲੋੜਾਂ ਬਾਰੇ ਪਤਾ ਕਰ ਲੈਣ, ਜੋ ਕਿ ਵਧੇਰੇ ਰੋਕਾਂ ਲਾਉਣ ਵਾਲੀਆਂ ਹੋ ਸਕਦੀਆਂ ਹਨ।

## ਪ੍ਰਚੂਨ-ਵਿਕਰੇਤਾ ਦੇ ਲਾਇਸੰਸ ਧਾਰਕਾਂ ਦੀਆਂ ਜ਼ਿੰਮੇਵਾਰੀਆਂ

ਪ੍ਰਚੂਨ-ਵਿਕਰੇਤਾ ਦੇ ਲਾਇਸੰਸ ਧਾਰਕ ਵਜੋਂ ਮੇਰੀਆਂ ਜ਼ਿੰਮੇਵਾਰੀਆਂ ਕੀ ਹਨ?

- ਆਪਣੇ ਲਾਇਸੰਸ ਨੂੰ ਹਰ ਪ੍ਰਚੂਨ-ਵਿਕਰੀ ਟਿਕਾਣੇ ਉੱਤੇ ਪ੍ਰਤੱਖ ਤੌਰ 'ਤੇ ਪ੍ਰਦਰਸ਼ਿਤ ਕਰੋ ਤਾਂ ਜੋ ਇਹ ਜਨਤਾ ਨੂੰ ਦਿਖਣਯੋਗ ਹੋਵੇ।
- ਖ਼ਰੀਦ ਦੀ ਤਾਰੀਖ਼ ਤੋਂ ਘੱਟੋ-ਘੱਟ ਇੱਕ ਸਾਲ ਬਾਅਦ ਤੱਕ, ਹਰ ਲਾਇਸੰਸਸ਼ੁਦਾ ਟਿਕਾਣੇ ਉੱਤੇ ਸੰਪੂਰਨ ਅਤੇ ਪੜ੍ਹਨਯੋਗ, ਸਿਗਰਟ ਅਤੇ ਤੰਬਾਕੂ ਉਤਪਾਦਾਂ ਦੇ ਇਨਵੌਇਸ (invoice) ਸਾਂਭ ਕੇ ਰੱਖੋ। ਇਨਵੌਇਸ ਉਸੇ ਟਿਕਾਣੇ ਉੱਤੇ ਵਸਤ-ਸੂਚੀ (inventory) ਵਜੋਂ ਲਾਜ਼ਮੀ ਤੌਰ 'ਤੇ ਰੱਖੇ ਜਾਣੇ ਚਾਹੀਦੇ ਹਨ।
- ਸਿਗਰਟਾਂ ਅਤੇ ਤੰਬਾਕੂ ਉਤਪਾਦਾਂ ਵਾਸਤੇ ਖਰੀਦ ਦੇ ਇਨਵੌਇਸਾਂ ਨੂੰ ਚਾਰ ਸਾਲਾਂ ਵਾਸਤੇ ਰੱਖੋ।
- ਬੇਨਤੀ ਕੀਤੇ ਜਾਣ 'ਤੇ CDTFA ਦੇ ਸਟਾਫ਼ ਜਾਂ ਕਨੂੰਨ ਦੀ ਤਾਮੀਲ ਕਰਵਾਉਣ ਵਾਲੇ ਅਫਸਰਾਂ ਨੂੰ ਆਪਣੇ ਸਿਗਰਟ ਅਤੇ ਤੰਬਾਕੂ ਉਤਪਾਦਾਂ ਦੀ ਖ਼ਰੀਦ ਸੰਬੰਧੀ ਇਨਵੌਇਸਾਂ ਦੀ ਸਮੀਖਿਆ ਕਰਨ ਦਿਓ।
- ਕੇਵਲ ਉਹੀ ਸਿਗਰਟਾਂ ਅਤੇ ਰੋਲ-ਯੁਅਰ-ਆਊਨ (RYO) ਤੰਬਾਕੂ ਖ਼ਰੀਦੋ ਅਤੇ ਵੇਚੋ ਜਿਸ ਦੀ ਵਿਕਰੀ ਕੈਲੀਫੋਰਨੀਆ ਵਿੱਚ ਅਧਿਕਾਰਿਤ ਹੈ ਜਿਵੇਂ ਕਿ ਅਟਾਰਨੀ ਜਨਰਲ ਦੇ ਦਫਤਰ ਦੀ ਤੰਬਾਕੂ ਡਾਇਰੈਕਟਰੀ (ਡਾਇਰੈਕਟਰੀ) ਉੱਤੇ ਸੂਚੀਬੱਧ ਹੈ: *oag.ca.gov/tobacco/directory*.

ਤੁਹਾਡੀਆਂ ਜ਼ਿੰਮੇਵਾਰੀਆਂ ਬਾਰੇ ਹੋਰ ਵੇਰਵਿਆਂ ਵਾਸਤੇ, ਸਿਗਰਟ ਅਤੇ ਤੰਬਾਕੂ ਉਤਪਾਦ ਵੇਚਣ ਵਾਲੇ ਪ੍ਰਚੂਨ-ਵਿਕਰੇਤਾਵਾਂ ਲਈ CDTFA ਅਧਿਆਪਕ ਦੀ ਅਗਵਾਈ ਹੇਠ ਸੈਮੀਨਾਰਾਂ ਦੀ ਪੇਸ਼ਕਸ਼ ਕਰਦਾ ਹੈ। ਦੇਖੋ *www.cdtfa.ca.gov*.

**ਵੇਚ-ਵੱਟ ਕੇ ਖਤਮ ਕਰਨ ਦੀ ਮਿਆਦ (Sell-off Period)** ਜਦ ਕੈਲੀਫੋਰਨੀਆ ਦਾ ਅਟਾਰਨੀ ਜਨਰਲ ਕਿਸੇ ਤੰਬਾਕੂ ਨਿਰਮਾਤਾ ਜਾਂ ਬ੍ਰਾਂਡ ਪਰਿਵਾਰ ਨੂੰ ਡਾਇਰੈਕਟਰੀ ਤੋਂ ਹਟਾਉਣ ਦੀ ਸਿਫਾਰਸ਼ ਕਰਦਾ ਹੈ ਤਾਂ ਕਿਸੇ ਡਿਸਟ੍ਰੀਬਿਊਟਰ ਜਾਂ ਥੋਕ-ਵਿਕਰੇਤਾ ਕੋਲੋਂ ਲੋੜਿਆ ਜਾਂਦਾ ਹੈ ਕਿ ਉਹ ਆਪਣੇ ਲਾਇਸੰਸਸ਼ੁਦਾ ਪ੍ਰਚੂਨ-ਵਿਕਰੇਤਾਵਾਂ ਨੂੰ ਸੂਚਿਤ ਕਰੇ।

ਕਿਸੇ ਲਾਇਸੰਸਸ਼ੁਦਾ ਪ੍ਰਚੂਨ-ਵਿਕਰੇਤਾ ਨੂੰ ਕਿਸੇ ਨਿਰਮਾਤਾ ਜਾਂ ਬ੍ਰਾਂਡ ਪਰਿਵਾਰ ਦੇ ਡਾਇਰੈਕਟਰੀ ਤੋਂ ਹਟਾਏ ਜਾਣ ਦੀ ਪ੍ਰਭਾਵੀ ਮਿਤੀ ਤੋਂ ਲੈਕੇ 60 ਦਿਨਾਂ ਤੱਕ ਡਾਇਰੈਕਟਰੀ ਤੋਂ ਹਟਾਈਆਂ ਗਈਆਂ ਟੈਕਸ-ਮੋਹਰ ਲੱਗੀਆਂ ਸਿਗਰਟਾਂ ਜਾਂ ਟੈਕਸ ਅਦਾ ਕੀਤੇ RYO ਨੂੰ ਰੱਖਣ, ਇਸ ਦੀ ਢੋਆ-ਢੁਆਈ ਕਰਨ ਅਤੇ ਵੇਚਣ ਦੀ ਇਜਾਜ਼ਤ ਹੁੰਦੀ ਹੈ। ਵੇਚ-ਵੱਟ ਕੇ ਖਤਮ ਕਰਨ ਦੀ 60 ਦਿਨਾਂ ਦੀ ਮਿਆਦ ਦੇ ਬਾਅਦ, ਸਿਗਰਟਾਂ ਅਤੇ RYO ਤੰਬਾਕੂ CDTFA ਵੱਲੋਂ ਜ਼ਬਤ ਕੀਤੇ ਜਾਣ ਅਤੇ ਨਸ਼ਟ ਕੀਤੇ ਜਾਣ ਅਧੀਨ ਆ ਜਾਂਦੇ ਹਨ।

**ਖ਼ਰੀਦ ਦੇ ਇਨਵੌਇਸ ਦੀਆਂ ਲੋੜਾਂ।** ਜਿਹੜੇ ਇਨਵੌਇਸ ਤੁਸੀਂ ਡਿਸਟ੍ਰੀਬਿਊਟਰਾਂ ਅਤੇ/ਜਾਂ ਥੋਕ-ਵਿਕਰੇਤਾਵਾਂ ਕੋਲੋਂ ਪ੍ਰਾਪਤ ਕਰਦੇ ਹੋ, ਉਹ ਲਾਜ਼ਮੀ ਤੌਰ 'ਤੇ ਪੜ੍ਹੇ ਜਾਣ ਯੋਗ ਹੋਣੇ ਚਾਹੀਦੇ ਹਨ ਅਤੇ ਉਹਨਾਂ ਵਿੱਚ ਇਹ ਜਾਣਕਾਰੀ ਸ਼ਾਮਲ ਹੋਣੀ ਚਾਹੀਦੀ ਹੈ:

- ਜਿਸ ਡਿਸਟ੍ਰੀਬਿਊਟਰ ਜਾਂ ਥੋਕ-ਵਿਕਰੇਤਾ ਕੋਲੋਂ ਤੁਸੀਂ ਸਿਗਰਟਾਂ ਜਾਂ ਤੰਬਾਕੂ ਉਤਪਾਦਾਂ ਨੂੰ ਖ਼ਰੀਦਿਆ ਸੀ ਉਸਦਾ ਨਾਮ, ਪਤਾ, ਟੈਲੀਫ਼ੋਨ ਨੰਬਰ, ਅਤੇ ਲਾਇਸੰਸ ਨੰਬਰ।
- ਇਨਵੌਇਸ ਉੱਤੇ ਸੂਚੀਬੱਧ ਸਿਗਰਟਾਂ ਜਾਂ ਤੰਬਾਕੂ ਉਤਪਾਦਾਂ ਉੱਤੇ ਡਿਸਟ੍ਰੀਬਿਊਟਰ ਵੱਲੋਂ CDTFA ਨੂੰ ਦਿੱਤੇ ਜਾਣ ਲਈ ਬਕਾਇਆ ਕੈਲੀਫੋਰਨੀਆ ਸਿਗਰਟ ਅਤੇ ਤੰਬਾਕੂ ਉਤਪਾਦ ਟੈਕਸਾਂ ਦੀ ਰਕਮ।

*ਧਿਆਨ ਦਿਓ*: ਕੋਈ ਲਾਇਸੰਸਸ਼ੁਦਾ ਡਿਸਟ੍ਰੀਬਿਊਟਰ ਜੋ ਇੱਕ ਲਾਇਸੰਸਸ਼ੁਦਾ ਪ੍ਰਚੂਨ-ਵਿਕਰੇਤਾ ਜਾਂ ਨਿਰਮਾਤਾ ਵੀ ਹੈ, CDTFA ਨੂੰ ਦਿੱਤੇ ਜਾਣ ਲਈ ਬਕਾਇਆ ਸਿਗਰਟ ਅਤੇ ਤੰਬਾਕੂ ਉਤਪਾਦਾਂ ਲਈ ਟੈਕਸਾਂ ਦੀ ਰਕਮ ਪ੍ਰਦਾਨ ਕਰਨ ਦੀ ਬਜਾਏ ਨਿਮਨਲਿਖਤ ਸਟੇਟਮੈਂਟ ਸ਼ਾਮਲ ਕਰ ਸਕਦਾ ਹੈ: "ਸਾਰੇ ਕੈਲੀਫੋਰਨੀਆ ਸਿਗਰਟ ਅਤੇ ਤੰਬਾਕੂ ਉਤਪਾਦ ਟੈਕਸਾਂ ਨੂੰ ਇਸ ਇਨਵੌਇਸ ਦੀ ਕੁੱਲ ਰਕਮ ਵਿੱਚ ਸ਼ਾਮਲ ਕੀਤਾ ਗਿਆ ਹੈ।"

- ਖ਼ਰੀਦੀਆਂ ਗਈਆਂ ਸਿਗਰਟਾਂ ਜਾਂ ਤੰਬਾਕੂ ਉਤਪਾਦਾਂ ਲਈ ਇੱਕ ਮਦ-ਦਰ-ਮਦ (itemized) ਸੂਚੀ। ਸਿਗਰਟਾਂ ਨੂੰ ਲਾਜ਼ਮੀ ਤੌਰ 'ਤੇ ਬ੍ਰਾਂਡ ਅਤੇ ਸਟਾਈਲ ਨਾਵਾਂ, ਸਵਾਦ, ਫਿਲਟਰ, ਅਤੇ/ਜਾਂ ਜਦ ਲਾਗੂ ਹੋਵੇ ਤਾਂ ਪੈਕੇਜਿੰਗ, ਵੇਚੇ ਗਏ ਡੱਬਿਆਂ ਜਾਂ ਪੈਕਾਂ ਦੀ ਸੰਖਿਆ, ਅਤੇ ਵਿਕਰੀ ਕੀਮਤ ਅਨੁਸਾਰ ਸੂਚੀਬੱਧ ਕੀਤਾ ਜਾਣਾ ਲਾਜ਼ਮੀ ਹੈ। ਤੰਬਾਕੂ ਉਤਪਾਦਾਂ ਨੂੰ ਲਾਜ਼ਮੀ ਤੌਰ 'ਤੇ ਬ੍ਰਾਂਡ, ਕਿਸਮ (ਜਿਵੇਂ ਕਿ ਪਾਈਪ, ਸਿਗਾਰ, ਜਾਂ RYO ਤੰਬਾਕੂ), ਸਵਾਦ, ਪੈਕੇਜਿੰਗ (ਜਿਵੇਂ ਕਿ ਪਾਊਚ, ਟੀਨ, ਜਾਂ ਬਕਸੇ), ਵੇਚੀ ਗਈ ਮਾਤਰਾ, ਅਤੇ ਵਿਕਰੀ ਕੀਮਤ ਅਨੁਸਾਰ ਸੂਚੀਬੱਧ ਕੀਤਾ ਜਾਣਾ ਲਾਜ਼ਮੀ ਹੈ।
- ਤੁਹਾਡਾ ਨਾਮ, ਪਤਾ, ਅਤੇ ਸਿਗਰਟ ਅਤੇ ਤੰਬਾਕੂ ਉਤਪਾਦਾਂ ਲਈ ਪ੍ਰਚੂਨ-ਵਿਕਰੇਤਾ ਦੇ ਲਾਇਸੰਸ ਦਾ ਨੰਬਰ।
- ਤੁਹਾਡੇ ਵੱਲੋਂ ਸਿਗਰਟਾਂ ਜਾਂ ਤੰਬਾਕੂ ਉਤਪਾਦਾਂ ਨੂੰ ਖ਼ਰੀਦਣ ਦੀ ਤਾਰੀਖ਼।

**ਸਟੋਰਾਂ ਵਿਚਕਾਰ ਤਬਾਦਲਾ ਕੀਤੇ ਜਾਂਦੇ ਸਿਗਰਟ ਅਤੇ ਤੰਬਾਕੂ ਉਤਪਾਦ।** ਆਮ ਤੌਰ 'ਤੇ, ਸਿਗਰਟਾਂ ਅਤੇ ਤੰਬਾਕੂ ਉਤਪਾਦਾਂ ਦੇ ਤਬਾਦਲੇ ਦੀ ਇਜਾਜ਼ਤ ਨਹੀਂ ਹੈ। ਹਾਲਾਂਕਿ, ਜੇ ਤੁਸੀਂ ਇੱਕ ਤੋਂ ਵੱਧ ਸਟੋਰਾਂ ਦੇ ਮਾਲਕ ਹੋ ਅਤੇ ਲਾਇਸੰਸ ਇੱਕੋ ਕਨੂੰਨੀ ਸੰਸਥਾ ਦੇ ਕੋਲ ਹਨ, ਤਾਂ ਤੁਹਾਨੂੰ ਇੱਕੋ ਕਨੂੰਨੀ ਸੰਸਥਾ ਨਾਲ ਸੰਬੰਧਿਤ ਸਟੋਰਾਂ ਦਰਮਿਆਨ ਸਿਗਰਟਾਂ ਅਤੇ ਤੰਬਾਕੂ ਉਤਪਾਦਾਂ ਨੂੰ ਤਬਦੀਲ ਕਰਨ ਦੀ ਆਗਿਆ ਦਿੱਤੀ ਜਾ ਸਕਦੀ ਹੈ। ਸਿਗਰਟਾਂ ਅਤੇ ਤੰਬਾਕੂ ਉਤਪਾਦਾਂ ਨੂੰ ਤਬਦੀਲ ਕਰਦੇ ਸਮੇਂ, ਪੜ੍ਹੇ ਜਾਣ ਯੋਗ ਤਬਾਦਲਾ ਰਿਕਾਰਡ ਅਤੇ ਮੂਲ ਖਰੀਦ ਇਨਵੌਇਸ ਦੀਆਂ ਕਾਪੀਆਂ ਹਰ ਉਸ ਟਿਕਾਣੇ 'ਤੇ ਲਾਜ਼ਮੀ ਤੌਰ 'ਤੇ ਰੱਖੀਆਂ ਜਾਣੀਆਂ ਚਾਹੀਦੀਆਂ ਹਨ ਜੋ ਤਬਾਦਲੇ ਵਿੱਚ ਸ਼ਾਮਲ ਹੈ। ਅਜਿਹੇ ਤਬਾਦਲਾ ਰਿਕਾਰਡਾਂ, ਜਿਨ੍ਹਾਂ ਨੂੰ ਤਬਾਦਲੇ ਦੇ ਸਮੇਂ ਤਿਆਰ ਕੀਤਾ ਜਾਣਾ ਲਾਜ਼ਮੀ ਹੈ, ਵਿੱਚ ਹਰ ਸਟੋਰ ਦਾ ਪਤਾ, ਖਰੀਦ ਇਨਵੌਇਸ ਦੀ ਤਾਰੀਖ਼, ਖਰੀਦ ਇਨਵੌਇਸ ਦਾ ਨੰਬਰ, ਇਨਵੌਇਸ ਉੱਤੇ ਸਪਲਾਇਰ ਦਾ ਨਾਮ ਅਤੇ ਲਾਇਸੰਸ ਨੰਬਰ, ਤਬਦੀਲ ਕੀਤੀਆਂ ਵਸਤੂਆਂ ਦਾ ਵਿਸਤਰਿਤ ਵੇਰਵਾ ਜਿਸ ਵਿੱਚ ਪੈਕੇਜਿੰਗ, ਸਵਾਦ ਅਤੇ/ਜਾਂ ਸਟਾਈਲ, ਅਤੇ ਤਬਦੀਲ ਕੀਤੀ ਮਾਤਰਾ ਵੀ ਸ਼ਾਮਲ ਹੈ, ਲਾਜ਼ਮੀ ਤੌਰ 'ਤੇ ਹੋਣੇ ਚਾਹੀਦੇ ਹਨ।

## ਤਾਮੀਲ

**ਲਾਇਸੰਸ ਦਾ ਪ੍ਰਦਰਸ਼ਨ।** ਜੇ ਤੁਸੀਂ ਪ੍ਰਤੱਖ ਤੌਰ 'ਤੇ ਆਪਣੇ ਲਾਇਸੰਸ ਨੂੰ ਹਰ ਪ੍ਰਚੂਨ-ਵਿਕਰੀ ਟਿਕਾਣੇ ਉੱਤੇ ਪ੍ਰਦਰਸ਼ਿਤ ਨਹੀਂ ਕਰਦੇ ਜਿੱਥੇ ਤੁਸੀਂ ਸਿਗਰਟਾਂ ਜਾਂ ਤੰਬਾਕੂ ਉਤਪਾਦ ਵੇਚਦੇ ਹੋ, ਤਾਂ ਹਰ ਵਰਤਾਰੇ ਵਾਸਤੇ ਤੁਸੀਂ $500 ਦੇ ਦੰਡ ਦੇ ਅਧੀਨ ਆ ਜਾਂਦੇ ਹੋ।

**ਰਿਕਾਰਡ।** ਤੁਹਾਡੇ ਵਾਸਤੇ ਪੜ੍ਹੇ ਜਾਣ ਯੋਗ, ਸਟੀਕ, ਅਤੇ ਸੰਪੂਰਨ ਰਿਕਾਰਡਾਂ ਨੂੰ ਚਾਰ ਸਾਲਾਂ ਲਈ ਸਾਂਭਣਾ ਅਤੇ ਬਰਕਰਾਰ ਰੱਖਣਾ ਲਾਜ਼ਮੀ ਹੈ, ਜਿਸ ਵਿੱਚ ਸਿਗਰਟਾਂ ਅਤੇ ਤੰਬਾਕੂ ਉਤਪਾਦਾਂ ਦੀ ਤੁਹਾਡੀ ਪੁਨਰ-ਵਿਕਰੀ ਵਾਲੇ ਸਟਾਕ ਦੇ ਖ਼ਰੀਦ ਇਨਵੌਇਸ ਵੀ ਸ਼ਾਮਲ ਹਨ (ਸਮੇਤ ਉਹਨਾਂ ਉਤਪਾਦਾਂ ਦੇ ਜੋ ਕਿਸੇ ਤੰਬਾਕੂ ਉਤਪਾਦ ਦੀ ਵਿਸਤਰਿਤ ਪਰਿਭਾਸ਼ਾ ਅਧੀਨ ਆਉਂਦੇ ਹਨ ਜਦ ਇਹਨਾਂ ਨੂੰ ਨਿਕੋਟੀਨ ਨਾਲ ਸੁਮੇਲ ਕਰਕੇ ਵੇਚਿਆ ਜਾਂ ਖ਼ਰੀਦਿਆ ਜਾਂਦਾ ਹੈ)। ਸਭ ਤੋਂ ਹਾਲੀਆ ਪਿਛਲੇ ਬਾਰਾਂ ਮਹੀਨਿਆਂ ਦੇ ਇਨਵੌਇਸਾਂ ਨੂੰ ਖਰੀਦਣ ਦੀ ਮਿਤੀ ਤੋਂ ਘੱਟੋ-ਘੱਟ ਇੱਕ ਸਾਲ ਤੱਕ ਲਈ ਹਰ ਪ੍ਰਚੂਨ ਟਿਕਾਣੇ ਉੱਤੇ ਸਾਂਭ ਕੇ ਰੱਖਣਾ ਲਾਜ਼ਮੀ ਹੈ। ਰਿਕਾਰਡਾਂ ਨੂੰ ਬਰਕਰਾਰ ਰੱਖਣ ਅਤੇ ਬੇਨਤੀ ਕੀਤੇ ਜਾਣ 'ਤੇ CDTFA ਦੇ ਅਮਲੇ ਜਾਂ ਕਨੂੰਨ ਦੀ ਤਾਮੀਲ ਕਰਵਾਉਣ ਵਾਲੇ ਅਦਾਰੇ ਨੂੰ ਪ੍ਰਦਾਨ ਕਰਵਾਉਣ ਵਿੱਚ ਫੇਲ੍ਹ ਹੋਣ ਦਾ ਨਤੀਜਾ ਖਰਾਬ ਆਚਰਣ ਦਾ ਉਲੇਖ ਕੀਤੇ ਜਾਣ ਦੇ ਰੂਪ ਵਿੱਚ ਨਿਕਲ ਸਕਦਾ ਹੈ ਜਿਸ ਵਾਸਤੇ $5,000 ਤੱਕ ਦਾ ਜੁਰਮਾਨਾ ਅਤੇ/ਜਾਂ ਕਿਸੇ ਕਾਊਂਟੀ ਜੇਲ੍ਹ ਵਿੱਚ ਇੱਕ ਸਾਲ ਤੱਕ ਦੀ ਕੈਦ ਵੀ ਹੋ ਸਕਦੀ ਹੈ।

**ਜਾਂਚਾਂ।** CDTFA ਦੇ ਅਮਲੇ ਕੋਲ ਕਿਸੇ ਵੀ ਅਜਿਹੇ ਟਿਕਾਣੇ ਦੀ ਜਾਂਚ ਕਰਨ ਦੀ ਅਥਾਰਟੀ ਹੈ ਜਿੱਥੇ ਸਿਗਰਟਾਂ ਜਾਂ ਤੰਬਾਕੂ ਉਤਪਾਦ ਵੇਚੇ, ਖਰੀਦੇ, ਜਾਂ ਸਟੋਰ ਕੀਤੇ ਜਾਂਦੇ ਹਨ, ਜਾਂ ਕੋਈ ਵੀ ਅਜਿਹਾ ਸਥਾਨ ਜਿੱਥੇ ਗੈਰ-ਕਨੂੰਨੀ ਗਤੀਵਿਧੀਆਂ ਦਾ ਸਬੂਤ ਹੈ (ਰੈਵੇਨਿਊ ਐਂਡ ਟੈਕਸੇਸ਼ਨ ਕੋਡ *ਸੈਕਸ਼ਨ 30435*))। ਫਲਸਰੂਪ, CDTFA ਦਾ ਅਮਲਾ ਅਤੇ ਕਨੂੰਨ ਦੀ ਤਾਮੀਲ ਕਰਵਾਉਣ ਵਾਲੇ ਅਫਸਰ ਪ੍ਰਚੂਨ ਟਿਕਾਣਿਆਂ ਦੀ ਜਾਂਚ ਕਰ ਸਕਦੇ ਹਨ ਅਤੇ ਕਿਸੇ ਵੀ ਟੈਕਸ ਅਦਾ ਨਾ ਕੀਤੀਆਂ ਸਿਗਰਟਾਂ ਅਤੇ/ਜਾਂ ਤੰਬਾਕੂ ਉਤਪਾਦਾਂ ਨੂੰ ਜ਼ਬਤ ਕਰ ਸਕਦੇ ਹਨ, ਜਿਨ੍ਹਾਂ ਵਿੱਚ ਮੋਹਰਾਂ ਨਾ ਲੱਗੀਆਂ ਸਿਗਰਟਾਂ, ਹੋਰ ਪ੍ਰਾਂਤਾਂ ਦੀਆਂ ਮੋਹਰਾਂ ਵਾਲੀਆਂ, ਜਾਂ ਜਾਅਲੀ ਟੈਕਸ ਮੋਹਰਾਂ ਵਾਲੀਆਂ ਸਿਗਰਟਾਂ ਸ਼ਾਮਲ ਹਨ। ਕੋਈ ਵੀ ਵਿਅਕਤੀ ਜੋ ਜਾਂਚ ਦੀ ਆਗਿਆ ਦੇਣ ਤੋਂ ਮਨ੍ਹਾਂ ਕਰਦਾ ਹੈ, ਉਹ ਖਰਾਬ ਆਚਰਣ ਦਾ ਦੋਸ਼ੀ ਹੁੰਦਾ ਹੈ ਅਤੇ ਜੁਰਮਾਨੇ ਤਹਿਤ ਆ ਜਾਂਦਾ ਹੈ। ਕੋਈ ਵੀ ਪ੍ਰਚੂਨ-ਵਿਕਰੇਤਾ ਜਿਸ ਕੋਲ ਟੈਕਸ ਅਦਾ ਨਾ ਕੀਤੀਆਂ ਸਿਗਰਟਾਂ ਜਾਂ ਤੰਬਾਕੂ ਉਤਪਾਦ ਹਨ, ਜੁਰਮਾਨਿਆਂ ਅਤੇ ਦੰਡਾਂ ਤਹਿਤ ਆਉਂਦਾ ਹੈ, ਜਿਵੇਂ ਕਿ ਲਾਇਸੰਸ ਨੂੰ ਸਥਗਿਤ ਕਰ ਦੇਣਾ।

*ਧਿਆਨ ਦਿਓ:* ਉੱਪਰ ਸੂਚੀਬੱਧ ਜਾਂਚ ਦੀਆਂ ਕਿਰਿਆਵਾਂ, ਜਿਸ ਵਿੱਚ ਇੱਕ ਵੈਧ ਲਾਇਸੰਸ ਰੱਖਣਾ ਅਤੇ ਇਸ ਨੂੰ ਪ੍ਰਦਰਸ਼ਿਤ ਕਰਨਾ ਵੀ ਸ਼ਾਮਲ ਹੈ, ਉਹਨਾਂ ਸਾਰੇ ਉਤਪਾਦਾਂ 'ਤੇ ਲਾਗੂ ਹੁੰਦੀਆਂ ਹਨ ਜੋ ਕਿਸੇ ਤੰਬਾਕੂ ਉਤਪਾਦ ਦੀ ਵਿਸਤਰਿਤ ਪਰਿਭਾਸ਼ਾ ਵਿੱਚ ਸ਼ਾਮਲ ਹਨ ਜਦ ਇਹਨਾਂ ਨੂੰ ਨਿਕੋਟੀਨ ਦੇ ਨਾਲ ਸੁਮੇਲ ਕਰਕੇ ਵੇਚਿਆ ਜਾਂਦਾ ਹੈ। CDTFA ਦੀਆਂ ਜਾਂਚਾਂ ਅਤੇ ਤੁਹਾਡੇ ਅਧਿਕਾਰਾਂ ਬਾਰੇ ਹੋਰ ਜਾਣਕਾਰੀ ਵਾਸਤੇ ਪ੍ਰਕਾਸ਼ਨਾ 152, *ਸਿਗਰਟ ਅਤੇ ਤੰਬਾਕੂ ਉਤਪਾਦ ਸੰਬੰਧੀ ਜਾਂਚਾਂ,* ਨੂੰ *www.cdtfa.ca.gov* 'ਤੇ ਦੇਖੋ।

**ਲਾਇਸੰਸ ਦੀ ਮੁਅੱਤਲੀ ਜਾਂ ਮਨਸੂਖੀ।** ਮੁਅੱਤਲੀ ਦੀ ਮਿਆਦ ਦੌਰਾਨ ਜਾਂ ਲਾਇਸੰਸ ਦੀ ਮਨਸੂਖੀ ਦੀ ਪ੍ਰਭਾਵੀ ਮਿਤੀ ਦੇ ਬਾਅਦ, ਤੁਹਾਨੂੰ ਸਿਗਰਟਾਂ ਜਾਂ ਤੰਬਾਕੂ ਉਤਪਾਦਾਂ ਦੀ ਵਿਕਰੀ ਕਰਨ, ਤੋਹਫ਼ੇ ਵਜੋਂ ਦੇਣ, ਜਾਂ ਵਿਕਰੀ ਲਈ ਪ੍ਰਦਰਸ਼ਿਤ ਕਰਨ ਤੋਂ ਮਨਾਹੀ ਕੀਤੀ ਜਾਂਦੀ ਹੈ।

ਇਸ ਤੋਂ ਇਲਾਵਾ, ਕੋਈ ਪ੍ਰਚੂਨ-ਵਿਕਰੇਤਾ ਜਿਸਦਾ ਲਾਇਸੰਸ ਮੁਅੱਤਲ ਕਰ ਦਿੱਤਾ ਗਿਆ ਹੈ, ਉਸ ਕੋਲੋਂ ਲੋੜਿਆ ਜਾਂਦਾ ਹੈ ਕਿ ਉਹ ਮੁਅੱਤਲੀ ਦੇ ਨੋਟਿਸ ਨੂੰ ਮੁਅੱਤਲੀ ਦੀ ਮਿਆਦ ਦੌਰਾਨ ਉਸ ਪ੍ਰਚੂਨ ਟਿਕਾਣੇ ਉੱਤੇ ਪ੍ਰਦਰਸ਼ਿਤ ਕਰੇ ਜਿੱਥੇ ਭੁੱਲ-ਚੁੱਕ/ਉਲੰਘਣਾ ਵਾਪਰੀ ਹੈ। ਕੋਈ ਪ੍ਰਚੂਨ-ਵਿਕਰੇਤਾ ਜਿਸਦਾ ਲਾਇਸੰਸ ਮਨਸੂਖ ਕਰ ਦਿੱਤਾ ਗਿਆ ਹੈ, ਉਸ ਕੋਲੋਂ ਲੋੜਿਆ ਜਾਂਦਾ ਹੈ ਕਿ ਉਹ ਮਨਸੂਖੀ ਦੇ ਨੋਟਿਸ ਨੂੰ ਮਨਸੂਖੀ ਤਹਿਤ ਆਉਂਦੇ ਪ੍ਰਚੂਨ ਟਿਕਾਣੇ ਉੱਤੇ ਮਨਸੂਖੀ ਦੀ ਪ੍ਰਭਾਵੀ ਮਿਤੀ ਤੋਂ ਲੈਕੇ 30-ਦਿਨ ਦੀ ਮਿਆਦ ਤੱਕ ਪ੍ਰਦਰਸ਼ਿਤ ਕਰੇ। ਮੁਅੱਤਲੀ ਜਾਂ ਮਨਸੂਖੀ ਦੇ ਨੋਟਿਸਾਂ ਨੂੰ ਪੋਸਟ ਕਰਨ ਵਿੱਚ ਫੇਲ੍ਹ ਹੋਣ ਦਾ ਨਤੀਜਾ ਹਰ ਅਪਰਾਧ ਵਾਸਤੇ $1,000 ਦੇ ਦੰਡ ਦੇ ਰੂਪ ਵਿੱਚ ਨਿਕਲੇਗਾ।

ਸਥਗਿਤੀ ਦੀ ਮਿਆਦ ਦੌਰਾਨ ਜਾਂ ਮਨਸੂਖੀ ਦੀ ਪ੍ਰਭਾਵੀ ਤਾਰੀਖ਼ ਦੇ ਬਾਅਦ ਵੀ ਨਿਰੰਤਰ ਸਿਗਰਟਾਂ ਜਾਂ ਤੰਬਾਕੂ ਉਤਪਾਦਾਂ ਦੀ ਵਿਕਰੀ ਕਰਨਾ ਜਾਂ ਤੋਹਫ਼ੇ ਵਜੋਂ ਵੰਡਣਾ ਇੱਕ ਬਦਤਮੀਜ਼ੀ ਹੈ ਅਤੇ ਇਸਦਾ ਸਿੱਟਾ ਇਹ ਹੋਵੇਗਾ ਕਿ ਵਿਅਕਤੀ ਦੇ ਕਬਜ਼ੇ ਵਿਚਲੀਆਂ ਸਾਰੀਆਂ ਸਿਗਰਟਾਂ ਅਤੇ ਤੰਬਾਕੂ ਉਤਪਾਦਾਂ ਨੂੰ ਪਕੜਕੇ ਜ਼ਬਤ ਕਰ ਲਿਆ ਜਾਵੇਗਾ।

ਜਿਹੜਾ ਵਿਅਕਤੀ ਮੁਅੱਤਲੀ ਜਾਂ ਮਨਸੂਖੀ ਦਾ ਨੋਟਿਸ (Notice of Suspension or Revocation) ਪ੍ਰਾਪਤ ਕਰਨ ਦੇ ਬਾਅਦ ਵੀ ਸਿਗਰਟਾਂ ਜਾਂ ਤੰਬਾਕੂ ਉਤਪਾਦਾਂ ਦੀ ਵਿਕਰੀ ਦਾ ਡਿਸਪਲੇ ਬੋਰਡ ਲਗਾਈ ਰੱਖਦਾ ਹੈ, ਉਹ ਹਰ ਗੁਨਾਹ ਵਾਸਤੇ $1,000 ਦੇ ਸਿਵਲ ਦੰਡ ਤਹਿਤ ਵੀ ਆ ਜਾਂਦਾ ਹੈ।

**ਗੈਰ-ਕਨੂੰਨੀ ਖਰੀਦਾਂ।** ਪ੍ਰਚੂਨ-ਵਿਕਰੇਤਾਵਾਂ ਵਾਸਤੇ ਕਿਸੇ ਵੀ ਹੋਰ ਪ੍ਰਚੂਨ-ਵਿਕਰੇਤਾ ਜਾਂ ਕਿਸੇ ਹੋਰ ਵਿਕਰੇਤਾ ਕੋਲੋਂ ਸਿਗਰਟਾਂ ਜਾਂ ਤੰਬਾਕੂ ਉਤਪਾਦਾਂ ਨੂੰ ਖਰੀਦਣਾ (ਜਿਸ ਵਿੱਚ ਉਹ ਉਤਪਾਦ ਵੀ ਸ਼ਾਮਲ ਹਨ ਜੋ ਤੰਬਾਕੂ ਉਤਪਾਦਾਂ ਦੀ ਵਿਸਤਰਿਤ ਪਰਿਭਾਸ਼ਾ ਤਹਿਤ ਆਉਂਦੇ ਹਨ ਜਦ ਇਹਨਾਂ ਨੂੰ ਨਿਕੋਟੀਨ ਦੇ ਨਾਲ ਸੁਮੇਲ ਕਰਕੇ ਵੇਚਿਆ ਜਾਂਦਾ ਹੈ) ਗੈਰ-ਕਨੂੰਨੀ ਹੈ ਜੋ 2003 ਦੇ 'ਕੈਲੀਫੋਰਨੀਆ ਸਿਗਰਟ ਅਤੇ ਤੰਬਾਕੂ ਉਤਪਾਦਾਂ ਲਈ ਲਾਇਸੰਸ ਲੈਣ ਸੰਬੰਧੀ ਕਨੂੰਨ' ਤਹਿਤ ਲਾਇਸੰਸਸ਼ੁਦਾ ਨਹੀਂ ਹੈ। ਜੇ ਤੁਸੀਂ ਕੋਈ ਗੈਰ-ਕਨੂੰਨੀ ਖਰੀਦ ਕਰਦੇ ਹੋ, ਤਾਂ ਤੁਹਾਡੀਆਂ ਸਿਗਰਟਾਂ ਜਾਂ ਤੰਬਾਕੂ ਉਤਪਾਦਾਂ ਨੂੰ ਜ਼ਬਤ ਕੀਤਾ ਜਾ ਸਕਦਾ ਹੈ, ਤੁਹਾਡੇ ਲਾਇਸੰਸ ਨੂੰ ਮੁਅੱਤਲ ਜਾਂ ਮਨਸੂਖ ਕੀਤਾ ਜਾ ਸਕਦਾ ਹੈ, ਅਤੇ ਤੁਸੀਂ ਜੁਰਮਾਨੇ, ਕੈਦ, ਜਾਂ ਦੋਨਾਂ ਦੇ ਅਧੀਨ ਆ ਸਕਦੇ ਹੋ।

ਕਿਸੇ ਕੈਲੀਫੋਰਨੀਆ ਸਿਗਰਟ ਅਤੇ ਤੰਬਾਕੂ ਉਤਪਾਦਾਂ ਦੇ ਡਿਸਟ੍ਰੀਬਿਊਟਰ ਜਾਂ ਥੋਕ-ਵਿਕਰੇਤਾ ਦੇ ਲਾਇਸੰਸ ਦੀ ਪੁਸ਼ਟੀ ਕਰਨ ਲਈ, CDTFA ਦੀ ਵੈੱਬਸਾਈਟ ਦੇਖੋ। ਤੁਸੀਂ *www.cdtfa.ca.gov* 'ਤੇ ਮੋਬਾਈਲ ਡੀਵਾਈਸਾਂ ਦੀ ਵਰਤੋਂ ਕਰਕੇ ਵੀ ਲਾਇਸੰਸ ਦੀ ਪੁਸ਼ਟੀ ਕਰ ਸਕਦੇ ਹੋ।

**ਗੈਰ-ਕਨੂੰਨੀ ਵਿਕਰੀਆਂ।** ਇਸ ਪ੍ਰਾਂਤ ਵਿੱਚ ਪ੍ਰਚੂਨ-ਵਿਕਰੇਤਾਵਾਂ ਲਈ ਵਿਕਰੇਤਾ ਦੇ ਪਰਮਿਟ ਅਤੇ ਸਿਗਰਟ ਅਤੇ ਤੰਬਾਕੂ ਉਤਪਾਦਾਂ ਲਈ ਪ੍ਰਚੂਨ-ਵਿਕਰੇਤਾ ਦੇ ਲਾਇਸੰਸ ਤੋਂ ਬਗੈਰ ਸਿਗਰਟਾਂ ਜਾਂ ਤੰਬਾਕੂ ਉਤਪਾਦਾਂ ਦੀ ਵਿਕਰੀ ਕਰਨਾ ਗੈਰ-ਕਨੂੰਨੀ ਹੈ ਜਾਂ ਓਦੋਂ ਵੀ ਗੈਰ-ਕਨੂੰਨੀ ਹੈ ਜਦ ਉਹਨਾਂ ਦਾ ਲਾਇਸੰਸ 2003 ਦੇ ਸਿਗਰਟ ਅਤੇ ਤੰਬਾਕੂ ਉਤਪਾਦਾਂ ਲਈ ਲਾਇਸੰਸ ਲੈਣ ਸੰਬੰਧੀ ਕਨੂੰਨ ਦੇ ਤਹਿਤ ਮੁਅੱਤਲ ਜਾਂ ਮਨਸੂਖ ਕਰ ਦਿੱਤਾ ਜਾਂਦਾ ਹੈ। ਜੇ ਤੁਸੀਂ ਸਿਗਰਟਾਂ ਜਾਂ ਤੰਬਾਕੂ ਉਤਪਾਦਾਂ ਦੀਆਂ ਗੈਰ-ਕਨੂੰਨੀ ਵਿਕਰੀਆਂ ਕਰਦੇ ਹੋ, ਤਾਂ CDTFA ਦਾ ਅਮਲਾ ਜਾਂ ਕਨੂੰਨ ਦੀ ਤਾਮੀਲ ਕਰਵਾਉਣ ਵਾਲੇ ਅਦਾਰੇ ਤੁਹਾਡੀਆਂ ਸਾਰੀਆਂ ਸਿਗਰਟਾਂ ਅਤੇ ਤੰਬਾਕੂ ਉਤਪਾਦ ਜ਼ਬਤ ਕਰ ਸਕਦੇ ਹਨ, ਜੋ ਤੁਹਾਨੂੰ ਵਾਪਸ ਨਹੀਂ ਕੀਤੇ ਜਾਣਗੇ।

## ਵਧੇਰੇ ਜਾਣਕਾਰੀ ਵਾਸਤੇ
*www.cdtfa.ca.gov* ’ਤੇ **ਔਨਲਾਈਨ ਜਾਓ ਜਾਂ**
**CDTFA ਗਾਹਕ ਸੇਵਾ ਕੇਂਦਰ ਨੂੰ**
1-800-400-7115 ’ਤੇ ਕਾਲ ਕਰੋ ▪ TTY:711

## ਟੈਕਸਪੇਅਰਜ਼’ ਰਾਈਟਸ ਐਡਵੋਕੇਟ

ਜਿਹੜੀਆਂ ਸਮੱਸਿਆਵਾਂ ਤੁਸੀਂ ਸਾਧਾਰਨ ਚੈਨਲਾਂ ਰਾਹੀਂ ਹੱਲ ਨਹੀਂ ਕਰ ਸਕੇ (ਜਿਸ ਵਿੱਚ ਕਿਸੇ ਸੁਪਰਵਾਈਜ਼ਰ ਨਾਲ ਗੱਲ ਕਰਨਾ ਵੀ ਸ਼ਾਮਲ ਹੈ) ਉਹਨਾਂ ਦੇ ਸੰਬੰਧ ਵਿੱਚ ਮਦਦ ਵਾਸਤੇ 1-888-324-2798 ’ਤੇ ਟੌਲ-ਫ੍ਰੀ ਕਾਲ ਕਰੋ।

■■■

*ਧਿਆਨ ਦਿਓ:* ਇਹ ਪ੍ਰਕਾਸ਼ਨਾ ਕਵਰ ਉੱਤੇ ਦੱਸੀ ਗਈ ਪ੍ਰਕਾਸ਼ਨਾ ਦੀ ਮਿਤੀ ਤੱਕ ਲਾਗੂ ਨਿਯਮਾਂ ਅਤੇ ਅਧਿਨਿਯਮਾਂ ਦਾ ਸਾਰਾਂਸ਼ ਦਿੰਦੀ ਹੈ। ਹਾਲਾਂਕਿ, ਉਸ ਸਮੇਂ ਤੋਂ ਲੈਕੇ ਕਨੂੰਨ ਜਾਂ ਅਧਿਨਿਯਮਾਂ ਵਿੱਚ ਤਬਦੀਲੀਆਂ ਹੋਈਆਂ ਹੋ ਸਕਦੀਆਂ ਹਨ। ਜੇ ਪ੍ਰਕਾਸ਼ਨਾ ਜਾਂ ਅਧਿਨਿਯਮਾਂ ਵਿਚਕਾਰ ਕੋਈ ਵਿਵਾਦ ਹੈ, ਤਾਂ ਫੈਸਲੇ ਕਨੂੰਨ ਅਤੇ ਅਧਿਨਿਯਮਾਂ ’ਤੇ ਆਧਾਰਿਤ ਹੋਣਗੇ ਨਾ ਕਿ ਇਸ ਪ੍ਰਕਾਸ਼ਨਾ ’ਤੇ।

ਪ੍ਰਕਾਸ਼ਨਾ 78 | LDA
ਸਤੰਬਰ 2017